ਸੰਖੇਪ ਜੀਵਨ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ.

G. 596

ਜਿਸਨੂੰ

## ਦੀ ਪੰਜਾਬ ਟ੍ਰਾਂਸਲੇਟਿੰਗ ਐਂਡ ਪਬਲਿਸ਼ਿੰਗ ਹਾਊਸ, ਅਮ੍ਰਿਤਸਰ ਨੇ

ਪੰਜਾਬੀ, ਉਰਦੂ, ਹਿੰਦੀ ਅਤੇ ਗੁਜਰਾਤੀ ਵਿੱਚ
ਰਚਕੇ ਪ੍ਰਕਾਸ਼ਿਤ ਕੀਤਾ.

[ਪੂਰੀ ਤਰਾਂ ਸੋਧਿਆ ਅਤੇ ਮੁੜਕੇ ਲਿਖਿਆ ਗਿਆ.]

[ਸਭ ਹੱਕ ਰਾਖਵੇਂ ਹਨ.]

ਪੰਜਾਬੀ ਵਿੱਚ:

ਦੂਜੀ ਵਾਰ—੧੦੦੦—ਕਾਪੀ ਛਪੀ.

ਵੈਸਾਖੀ, ਸੰਮਤ: ਨਾਨਕਸ਼ਾਹੀ ੪੫੭, ਬਿਕ੍ਰਮੀ ੧੯੯੨.

ਮੁੱਲ ।।।)

25964

ਇਹ ਪੁਸਤਕ ਪ੍ਰਕਾਸ਼ਿਕਾਂ ਲਈ

**'ਸੁਦਰਸ਼ਨ ਪ੍ਰੈਸ' ਅਮ੍ਰਿਤਸਰ ਵਿੱਚ**

ਲਾਲਾ ਧਨੀਰਾਮ ਜੀ ਦੇ ਯਤਨ ਨਾਲ ਛਪਿਆ ॥

# BRIEF LIFE
OF
# SRI GURU GOBIND SINGH JI.

COMPILED AND PUBLISHED
INTO
PUNJABI, URDU, HINDI & GUJRATI.
BY

**THE PUNJAB TRANSLATING AND PUBLISHING HOUSE,**
**AMRITSAR.**

[*Thoroughly Revised and Re-written.*]

[ALL RIGHTS RESERVED.]

**INTO PUNJABI:**

*Second Edition . . . . . 1,000 Copies.*

**13TH APRIL 1926 A. D.**

**Price As. 0-12-0**

THIS BOOK
PRINTED FOR THE PUBLISHERS,
AT "SUDARSHAN PRESS" AMRITSAR,
BY LALA DHANI RAM.

# ਸਮਰਪਣ !

ਕੌਮ ਦੇ ਸੱਚੇ ਦਰਦੀ ਅਤੇ ਸ਼ੁਭਚਿੰਤਕ
ਸ਼੍ਰੀ ਮਾਨ ਪੰਥ ਰਤਨ
ਵਿਦਜਾ-ਸੂਰਜ

## ਸ੍ਰਦਾਰ ਕਾਨ੍ਹ ਸਿੰਘ ਜੀ ਸਾਹਿਬ

ਨਾਭਾ-ਨਿਵਾਸੀ,

ਜਿਨ੍ਹਾਂ ਨੇ
ਕਿ ਆਪਣੇ ਪਵਿਤ੍ਰ ਜੀਵਨ ਦਾ ਬਹੁਤ ਸਾਰਾ ਹਿੱਸਾ
ਪੰਥ ਨੂੰ ਨਿਰੋਲ ਰੱਖਣ ਲਈ ਅਮੋਲਕ ਗ੍ਰੰਥ
ਲਿਖਣ ਵਿੱਚ ਲਾਇਆ ਹੋਇਆ ਹੈ,

ਉਨ੍ਹਾਂ ਨੂੰ

## ਇਹ ਲਘੁ ਪੁਸਤਕ

ਸ਼੍ਰੀ ਜੀ ਦੀ ਕ੍ਰਿਪਾ ਭਰੀ ਆਗਜਾ ਪ੍ਰਾਪਤ ਕਰਕੇ

**ਪ੍ਰਕਾਸ਼ਿਕਾਂ ਵੱਲੋਂ**

ਅਤਜੰਤ ਨਿਰਮਾਣ ਅਤੇ ਸਤਕਾਰ ਸਹਿਤ
ਅਰਪਣ ਕੀਤੀ ਜਾਂਦੀ ਹੈ ॥

# ਭੂਮਿਕਾ ਦੂਜੀ ਛਪਾਈ ਦੀ.

ਜੀਵਨ ਚਰਿਤ੍ਰ ਪੜ੍ਹਨ ਦੇ ਅਨੇਕਾਂ ਲਾਭ ਹਨ, ਅਰ ਖਾਸ ਕਰਕੇ ਐਸੇ ਮਹਾਂਨ ਪੁਰਖਾਂ ਦੇ ਜੀਵਨ ਚਰਿਤ੍ਰ ਕਿ ਜਿਨ੍ਹਾਂ ਦਾ ਉੱਦੇਸ਼ ਕੇਵਲ ਦੇਸ ਅਤੇ ਕੌਮ ਦੀ ਭਲਿਆਈ ਲਈ ਮੁਖ ਰਿਹਾ ਹੋਵੇ । ਐਸੇ ਪਵਿਤ੍ਰ ਇਤਿਹਾਸ ਵਿਚਾਰਣ ਨਾਲ ਮਨੁੱਖ ਦੇ ਭਾਵ ਵਡੇ ਉੱਚੇ ਹੋ ਜਾਂਦੇ ਹਨ ਅਰ ਮਨ ਵਿੱਚ ਸੁਭਾਵਿਕ ਹੀ ਸ਼ੁਭ ਗੁਣਾਂ ਨੂੰ ਧਾਰਨ ਦੀ ਸ਼ਕਤੀ ਉਤਪੰਨ ਹੋ ਜਾਂਦੀ ਹੈ । ਉੱਤਮ ਪੁਰਖਾਂ ਦੇ ਜੀਵਨ ਚਰਿਤ੍ਰ ਪੜ੍ਹਕੇ ਮਨੁੱਖ ਆਪਣੇ ਵਿਚਲੀਆਂ ਊਣਤਾਈਆਂ ਨੂੰ ਸੁਧਾਰਕੇ ਸੰਜਮੀ, ਸ੍ਰੇਸ਼੍ਹਾਚਾਰੀ ਅਤੇ ਪਰਉਪਕਾਰੀ ਬਣਨ ਦੇ ਰਾਹ ਪੈ ਜਾਂਦਾ ਹੈ ॥

ਉੱਤਮ ਪੁਰਖਾਂ ਦੇ ਜੀਵਨ ਚਰਿਤ੍ਰ ਲਿਖਣ ਦੀ ਰੀਤ ਇਸ ਦੇਸ ਵਿੱਚ ਭੀ ਕੋਈ ਨਵੀਂ ਨਹੀਂ ਹੈ, ਪਰ ਪੱਛਮੀ ਦੇਸਾਂ ਵਿੱਚ ਜੀਵਨ ਚਰਿਤ੍ਰ ਲਿਖਣ ਦੀ ਮਰਯਾਦਾ ਵਡੀ ਉੱਨਤ ਹੋ ਗਈ ਹੈ । ਜਿਸ ਕਰਕੇ ਓਥੇ ਵੱਖੋ ਵੱਖਰੀ ਖੋਜ ਨਾਲ ਲਿਖੇ ਹੋਏ ਇੱਕੋ ਪੁਰਖ ਦੇ ਅਨੇਕਾਂ ਜੀਵਨ ਚਰਿਤ੍ਰ ਪਾਏ ਜਾਂਦੇ ਹਨ । ਉਨ੍ਹਾਂ ਦੇਸਾਂ ਦੇ ਵਸਨੀਕ ਜੀਵਨ ਚਰਿਤ੍ਰਾਂ ਨੂੰ ਵਡੀ ਉਮੰਗ ਨਾਲ ਪੜ੍ਹਦੇ ਹਨ ਅਤੇ ਉਨ੍ਹਾਂ ਵਿੱਚ ਵਰਨਨ ਕੀਤੇ ਉੱਤਮ ਗੁਣਾਂ ਨੂੰ ਆਪਣੀ ਵਰਤੋਂ ਵਿੱਚ ਲਿਆਕੇ ਵਡਾ ਲਾਭ ਉਠਾਉਂਦੇ ਹਨ ॥



ਜਿਨ੍ਹਾਂ ਦੇ ਜੀਵਨ ਚਰਿਤ੍ਰਾਂ ਤੋਂ ਹਰੇਕ ਨੂੰ ਲਾਭ ਪ੍ਰਾਪਤ ਹੁੰਦਾ ਹੋਵੇ ਅਤੇ ਜਿਨ੍ਹਾਂ ਨੇ ਦੇਸ ਅਤੇ ਕੌਮ ਦੀ ਭਲਿਆਈ ਲਈ ਆਪਣਾ ਆਪ ਕੁਰਬਾਨ ਕੀਤਾ ਹੋਵੇ, ਉਨ੍ਹਾਂ ਵਿੱਚੋਂ ਸਿਰੋਮਣੀ ਅਤੇ ਆਪਣੇ ਨਮੂਨੇ ਦੇ ਇੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਨ । ਜਿਨ੍ਹਾਂ ਨੇ ਆਪਣਾ ਸਰਬੰਸ ਵਾਰਕੇ ਦੇਸ ਦਾ ਉੱਧਾਰ ਕੀਤਾ ਅਰ ਮੁਰਦਿਆਂ ਨੂੰ ਜੀਵਨ ਦਾਨ ਦੇਕੇ ਹਲਤ-ਪਲਤ ਦੇ ਸੁਖ ਦਾ ਅਧਿਕਾਰੀ ਬਣਾਇਆ । ਆਪ ਦਾ ਪਵਿਤ੍ਰ ਜੀਵਨ ਐਸੇ ਸਾਕਿਆਂ ਨਾਲ ਭਰਿਆ ਪਿਆ ਹੈ ਕਿ ਜਿਸ ਨੂੰ ਪੜ੍ਹਕੇ ਮਨੁੱਖ ਨੂੰ ਪਰਉਪਕਾਰ ਅਤੇ ਸਤਜਧਰਮ ਦਾ ਸਬਕ ਪ੍ਰਾਪਤ ਹੁੰਦਾ ਹੈ ॥

ਸਿੱਖ ਇਤਿਹਾਸ ਅਤੇ ਆਪ ਦੇ ਸਮੇਂ ਦਾ ਭਾਰਤ ਦਾ ਇਤਿਹਾਸ ਆਪ ਦੇ ਅਦੁਤੀ ਕਾਰਨਾਮਿਆਂ ਨਾਲ ਜਗਮਗਾ ਰਿਹਾ ਹੈ, ਜਿਨ੍ਹਾਂ ਦੇ ਅਧਾਰ ਤੇ ਆਪ ਦੇ ਅੱਗੇ ਭੀ ਕਈ ਜੀਵਨ ਚਰਿਤ੍ਰ ਸਿੱਖਾਂ ਤਥਾ ਅੰਨ ਧਰਮੀਆਂ ਨੇ ਲਿਖੇ ਹਨ । ਪਰ ਅਸਾਂ ਇਹ 'ਸੰਖੇਪ ਜੀਵਨ' ਇੱਕ ਬਿਲਕੁਲ ਅਲੱਗ ਖਿਆਲ ਨੂੰ ਲੈਕੇ ਲਿਖਿਆ ਹੈ । ਅਸਾਂ ਇਹ ਇਸ ਮਤਲਬ ਦੀ ਪੂਰਤੀ ਲਈ ਰਚਿਆ ਹੈ ਕਿ ਇਸਤੋਂ ਸਧਾਰਣ ਪੜ੍ਹੇ ਹੋਏ ਤਥਾ ਸਕੂਲਾਂ ਦੇ ਵਿਦਜਾਰਥੀ ਗੁਰੂ ਜੀ ਦੇ ਕਾਰਨਾਮਿਆਂ ਨੂੰ ਵੇਰਵੇ ਨਾਲ ਹਿਰਦੇ ਵਿੱਚ ਵਸਾ ਲੈਣ ਅਤੇ ਆਪਣੇ ਜੀਵਨ ਨੂੰ ਸਫਲ ਬਣਾਉਣ ॥

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.